**ਡਾਇਰੈਕਟੋਰੇਟ, ਸਥਾਨਕ ਸਰਕਾਰ ਵਿਭਾਗ, ਪੰਜਾਬ**
**Directorate, Local Government, Punjab**
**ਪੰਜਾਬ ਮਿਉਂਸਪਲ ਭਵਨ, ਪਲਾਟ ਨੰ. 3, ਸੈਕਟਰ-35-ਏ, ਚੰਡੀਗੜ੍ਹ**

ਨੰ: ਮੁ.ਇੰ(ਮਿ.ਕੌ)ਸ.ਸ-2017/ 40446-47
ਮਿਤੀ 13/07/17

Phone No.: 0172-2619211
E-Mail:cepblg@gmail.com

ਸੇਵਾ ਵਿਖੇ,

1. ਸਮੂਹ ਕਮਿਸ਼ਨਰਜ਼, ਨਗਰ ਨਿਗਮਾਂ, ਪੰਜਾਬ।
2. ਸਮੂਹ ਰਿਜ਼ਨਲ ਡਿਪਟੀ ਡਾਇਰੈਕਟਰਜ਼,ਸਥਾਨਕ ਸਰਕਾਰ, ਪੰਜਾਬ।

ਵਿਸ਼ਾ: ਰਿਵਾਇਜਡ ਰੋਡ ਕਟਿੰਗ ਰੇਟਾ ਨੂੰ ਲਾਗੂ ਕਰਨ ਸਬੰਧੀ।

ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰ. CVO-98/3085-3235 dt 28.08.1998 (ਕਾਪੀ ਨੱਥੀ) ਰਾਹੀਂ ਮਿਉਸਪਲ ਸੜਕਾਂ/ਗਲੀਆਂ ਤੇ ਰੋਡ ਕਟਿੰਗ ਦੀ ਮਨਜ਼ੂਰੀ ਲਈ ਸਥਾਨਕ ਸਰਕਾਰ ਦੇ ਅਦਾਰਿਆ ਵਿਖੇ ਜਮ੍ਹਾ ਕਰਵਾਏ ਜਾਣ ਵਾਲੇ ਚਾਰਜਿਜ਼ ਦੇ ਰੇਟ ਫਿਕਸ ਕੀਤੇ ਗਏ ਸਨ।ਇਹ ਰੇਟ ਲਗਭਗ 19 ਸਾਲ ਪੁਰਾਣੇ ਹਨ ਅਤੇ ਅੱਜ ਵੀ ਇਹਨਾਂ ਰੇਟਾ ਦੇ ਹਿਸਾਬ ਨਾਲ ਰੋਡ ਕਟਿੰਗ ਚਾਰਜਿਸ ਲਏ ਜਾਂਦੇ ਹਨ।ਕਿਉਂ ਕਿ ਸੜਕਾ/ਗਲੀਆ ਨੂੰ ਬਣਾਉਣ ਲਈ ਵਰਤੇ ਜਾਣ ਵਾਲੇ ਮਟੀਰਿਅਲ ਜਿਵੇਂ ਕਿ ਲੁੱਕ, ਸੀਮਿੰਟ, ਬਜਰੀ, ਸਟੋਨ ਮੇਟਲ ਅਤੇ ਇੱਟਾ ਆਦਿ ਦੇ ਰੇਟ ਪਹਿਲਾ ਨਾਲੋਂ ਕਾਫੀ ਵੱਧ ਗਏ ਹਨ ਅਤੇ ਕੰਮ ਕਰਨ ਵਾਲੀ ਲੇਬਰ ਦੀ ਦਿਹਾੜੀ ਵੀ 1998 ਦੇ ਮੁਕਾਬਲੇ ਕਾਫੀ ਜਿਆਦਾ ਹੋ ਗਈ ਹੈ।ਇਸ ਲਈ ਇਹਨਾ ਮਟੀਰਿਅਲਾ ਦਾ ਸਾਲ 1998 ਦੇ ਸੀ.ਐਸ.ਆਰ/ਮਾਰਕਿਟ ਰੇਟਾ ਦਾ ਮੌਜੂਦਾ ਸਾਲ 2017 ਦੇ ਸੀ.ਐਸ.ਆਰ/ਮਾਰਕਿਟ ਰੇਟਾ ਨਾਲ ਮਿਲਾਨ ਕਰਨ ਉਪਰੰਤ ਪਾਇਆ ਗਿਆ ਕਿ ਸੜਕਾ/ਗਲੀਆ ਦੇ ਕੰਮਪੋਨੇਨਟਸ ਦੀ ਕੀਮਤ ਵਿਚ ਔਸਤਨ ਲਗਭਗ 3 ਗੁਣਾ ਵਾਧਾ ਹੋਇਆ ਹੈ।ਇਸ ਲਈ ਰੋਡ ਕਟਿੰਗ ਦੇ ਰੇਟ ਪੁਰਾਣੇ ਰੇਟਾ ਤੋਂ 3 ਗੁਣਾ ਵਧਾਉਣ ਦਾ ਫੈਸਲਾ ਕੀਤਾ ਗਿਆ।ਨਵੇ ਰਿਵਾਇਜ ਰੇਟ ਹੇਠ ਲਿਖੇ ਅਨੁਸਾਰ ਹਨ।

| Sr. no | Description of Road | Road cutting rate per sft |
|---|---|---|
| 1 | Premix carpet | Rs. 180/- |
| 2 | BM and Premix road | Rs. 240/- |
| 3 | Berm cutting (Katcha) | Rs. 9/- |
| 4 | Brick Paving | Rs. 45/- |
| 5 | CC. Road | Rs. 180/- |
| 6 | Interlocking Paver Block | Rs. 270/- |

ਇਸ ਤੋਂ ਇਲਾਵਾ ਵੱਧਦੀ ਮਹਿੰਗਾਈ ਦਰ ਨੂੰ ਮੁੱਖ ਰੱਖਦੇ ਹੋਏ ਹਰ ਸਾਲ 1 ਅਪ੍ਰੈਲ ਤੋਂ ਇਹਨਾਂ ਰੇਟਾ ਵਿਚ 10% ਵਾਧਾ ਕੀਤਾ ਜਾਵੇ।ਜੇ ਸੜਕ/ ਗਲੀ ਨੂੰ ਬਣੇ 1 ਸਾਲ ਤੋਂ ਘਟ ਦਾ ਸਮਾਂ ਹੋਇਆ ਹੈ ਉਸ ਕੇਸ ਵਿਚ ਰੋਡ ਕਟਿੰਗ ਦੀ ਮੰਨਜ਼ੂਰੀ ਦੇਣ ਤੋਂ ਗੁਰੇਜ਼ ਕੀਤਾ ਜਾਵੇ। ਕੇਵਲ ਅਤਿ ਜਰੂਰੀ ਹੋਣ ਤੇ ਹੀ 2 ਗੁਣਾ ਚਾਰਜਿਸ ਲੈਣ ਤੇ 1 ਸਾਲ ਦੇ ਸਮੇਂ ਤੋਂ ਘੱਟ ਬਣੀਆ ਸੜਕਾ/ਗਲੀਆ ਤੇ ਰੋਡ ਕੱਟ ਦੀ ਪ੍ਰਵਾਨਗੀ ਦਿਤੀ ਜਾਵੇ।ਇਹ ਹਦਾਇਤਾ ਅੱਜ ਤੋ ਹੀ ਲਾਗੂ ਹਨ।

ਇਹ ਹੁਕਮ ਮਾਨਯੋਗ ਮੰਤਰੀ, ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਗਏ ਹਨ।

ਮੁੱਖ ਇੰਜੀਨੀਅਰ
(ਨਗਰ ਕੌਂਸਲਾਂ)

ਪਿੱਠ ਅੰਕਣ ਨੰ: ਮੁ.ਇੰ.(ਨ.ਕੌ) ਸਸ.17/ 40448-54 ਮਿਤੀ: 13/07/17

ਉਪਰੋਕਤ ਦਾ ਉਤਾਰਾ ਨਿਮਨ ਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ (ਓ ਐਂਡ ਐਮ), ਮੁੱਖ ਇੰਜੀਨੀਅਰ (ਆਈ.ਟੀ), ਸਥਾਨਕ ਸਰਕਾਰ ਵਿਭਾਗ, ਪੰਜਾਬ ਅਤੇ ਮੁੱਖ ਚੌਕਸੀ ਅਫਸਰ, ਸਥਾਨਕ ਸਰਕਾਰ ਵਿਭਾਗ, ਪੰਜਾਬ।
2. ਪੀ.ਐਸ/ ਮਾਨਯੋਗ ਮੰਤਰੀ, ਸਥਾਨਕ ਸਰਕਾਰ ਵਿਭਾਗ, ਪੰਜਾਬ।
3. ਪੀ.ਐਸ/ਮਾਨਯੋਗ ਵਧੀਕ ਮੁੱਖ ਸਕੱਤਰ, ਸਥਾਨਕ ਸਰਕਾਰ ਵਿਭਾਗ, ਪੰਜਾਬ।
4. ਪੀ.ਏ/ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ।
5. ਸਮੂਹ ਸੁਪਰਡੰਟ, ਡਾਇਰੈਕਟੋਰੇਟ ਅਤੇ ਸਕੱਤਰੇਤ ਸ਼ਾਖਾ ਸਥਾਨਕ ਸਰਕਾਰ ਵਿਭਾਗ, ਪੰਜਾਬ।

ਮੁੱਖ ਇੰਜੀਨੀਅਰ
(ਨਗਰ ਕੌਂਸਲਾਂ)